# ਗਰਭ ਸਮਾਪਨ ਐਕਟ 1971

CommonHealth

## ਮੁੱਢਲੀ ਜਾਣਕਾਰੀ

ਭਾਰਤ ਵਿਚ ਗਰਭਸਮਾਪਨ ਕਈ ਹਾਲਤਾਂ ਵਿੱਚ ਕਾਨੂੰਨੀ ਤੌਰ ਤੇ ਜਾਇਜ ਹੈ ।ਭਾਰਤ ਸਰਕਾਰ ਨੇ 1971 ਵਿੱਚ ਗਰਭਸਮਾਪਨ ਐਕਟ ਪਾਸ ਕੀਤਾ ਸੀ।1971ਤਕ ਗਰਭਸਮਾਪਨ ਭਾਰਤ ਦੀ ਦੰਡ ਸੰਹਿਤਾ ਦੇ ਸੈਕਸ਼ਨ 312 ਤਹਿਤ ਸਜ਼ਾਯੋਗ ਅਪਰਾਧ ਸੀ ।1964 ਵਿੱਚ ਵੱਧਦੀ ਅਬਾਦੀ, ਵੱਧਦੀ ਮਾਤਾ ਮ੍ਰਿਤੂ ਦਰ, ਅਸੁਰੱਖਿਅਤ ਗਰਭਸਮਾਪਨ ਦੀ ਵੱਧਦੀ ਅਨੁਪਾਤ ਨੂੰ ਦੇਖਦੇ ਹੋਏ ਭਾਰਤ ਸਰਕਾਰ ਨੇ ਸ਼ਾਂਤੀ ਲਾਲ ਕਮੇਟੀ ਦਾ ਗਠਨ ਕੀਤਾ ,ਜੋ ਕਿ ਗਰਭਸਮਾਪਨ ਦੇ ਸਮਾਜਕ ,ਕਾਨੂੰਨੀ ਤੇ ਮੈਡੀਕਲ ਪਹਿਲੂਆਂ ਦੇ ਨਿਰੀਖਣ ਕਰਨ ਲਈ ਕਾਇਮ ਕੀਤੀ ਗਈ ਸੀ ।ਕਮੇਟੀ ਨੇ ਕੁਝ ਹਾਲਾਤਾਂ ਵਿਚ ਗਰਭ ਸਮਾਪਨ ਸੇਵਾਵਾਂ ਦੀ ਇਜਾਜ਼ਤ ਦੇਣ ਦੀ ਸਿਫਾਰਿਸ਼ ਕੀਤੀ। ਇਨ੍ਹਾਂ ਸਿਫਾਰਸ਼ਾਂ ਦੇ ਆਧਾਰ ਤੇ ਹੀ 1971 ਵਿੱਚ ਐਮ ਟੀ ਪੀ ਐਕਟ ਬਣਿਆ ।2002 ਅਤੇ 2003 ਵਿੱਚ ਇਸ ਵਿੱਚ ਸੋਧ ਕੀਤੀ ਗਈ ।ਇਸ ਐਕਟ ਅਧੀਨ ਕੁੱਝ ਖਾਸ ਪ੍ਰਾਵਧਾਨ ਹਨ ਜਿਨ੍ਹਾਂ ਦੀ ਉਲੰਘਣਾ ਕਰਨ ਤੇ 2 ਤੋਂ 7 ਸਾਲ ਦੀ ਸਜ਼ਾ ਹੋ ਸਕਦੀ ਹੈ।

## ਗਰਭਸਮਾਪਨ ਦੀ ਲੋੜ

- ਜੇ ਗਰਭ ਅੱਗੇ ਵਧਣ ਨਾਲ ਗਰਭਵਤੀ ਔਰਤ ਦੀ ਸਿਹਤ ਅਤੇ ਉਸ ਦੀ ਜਾਨ ਲਈ ਖ਼ਤਰਾ ਹੋਵੇ
- ਜੇ ਗਰਭਪਾਤ ਬਲਾਤਕਾਰ ਦੇ ਸਿੱਟੇ ਵਜੋਂ ਠਹਿਰਿਆ ਹੋਵੇ।
- ਜੇ ਵਿਆਹੁਤਾ ਔਰਤ ਵਿਚ ਇਹ ਗਰਭ-ਨਿਰੋਧਕ ਦੀ ਅਸਫਲਤਾ ਕਾਰਨ ਹੋਇਆ ਹੋਵੇ।
- ਜੇ ਇਹ ਸਾਫ਼ ਹੋਵੇ ਕਿ ਜਨਮ ਲੈਣ ਤੇ ਬੱਚਾ ਸਰੀਰਕ ਜਾਂ ਮਾਨਸਿਕ ਤੌਰ ਤੇ ਅਪਾਹਜ ਹੋਵੇਗਾ|

ਕਿਸ ਸਮੇਂ ਤੱਕ ਗਰਭਸਮਾਪਨ ਕਾਨੂੰਨੀ ਹੈ

## ਗਰਭਸਮਾਪਨ 20 ਹਫਤੇ ਤਕ ਕੀਤਾ ਜਾ ਸਕਦਾ ਹੈ ।

- ਜੇ12 ਹਫਤੇ ਤੋਂ ਘੱਟ ਦਾ ਗਰਭ ਹੈ ਤਾਂ ਇਕ ਡਾਕਟਰ ਦੀ ਸਲਾਹ ਨਾਲ
- ਤੇ ਜੇ 12 ਤੋਂ 20 ਹਫਤੇ ਤੱਕ ਦਾ ਹੈ ਤਾਂ ਦੋ ਡਾਕਟਰਾਂ ਦੀ ਸਲਾਹ ਨਾਲ।

